# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

## www.chandigarh.gov.in

## ਪ੍ਰੈਸ ਨੋਟ

ਚੰਡੀਗੜ੍ਹ, 1 ਸਤੰਬਰ :- ਪੰਜਾਬ ਦੇ ਮਾਨਯੋਗ ਰਾਜ਼ਪਾਲ ਅਤੇ ਚੰਡੀਗੜ੍ਹ ਪ੍ਰਸ਼ਾਸਕ ਸ਼੍ਰੀ ਸ਼ਿਵਰਾਜ਼ ਵੀ ਪਾਟਿਲ ਨੇ ਅੱਜ ਭਗਵਾਨ ਕ੍ਰਿਸ਼ਨ ਦੇ ਸ਼ੁੱਭ ਜਨਮ ਦਿਹਾੜੇ ਜਨਮਅਸ਼ਟਮੀ ਦੇ ਮੌਕੇ ਤੇ ਪੰਜਾਬ ਅਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ ਚੰਡੀਗੜ੍ਹ ਦੇ ਲੋਕਾਂ ਨੂੰ ਵਧਾਈ ਦਿੱਤੀ।

ਸ਼੍ਰੀ ਪਾਟਿਲ ਨੇ ਆਪਣੇ ਸੰਦੇਸ਼ ਵਿਚ ਕਿਹਾ ਕਿ ਜਨਮਅਸ਼ਟਮੀ ਦਾ ਤਿਉਹਾਰ ਸਾਨੂੰ ਆਪਣੇ ਇਰਾਦੇ ਅਤੇ ਕੰਮ ਦੇ ਪ੍ਰਤੀ ਵਫਾਦਾਰ ਰਹਿਣ ਅਤੇ ਆਪਣੇ ਕਰਤੱਵ ਨੂੰ ਤਹਿ ਦਿਲੋਂ ਅਤੇ ਸ਼ਰਧਾ ਨਾਲ ਨਿਭਾਉਣ ਦੀ ਯਾਦ ਦਿਲਾਉਂਦਾ ਹੈ। ਉਹਨਾਂ ਕਿਹਾ ਕਿ ਭਗਵਾਨ ਕ੍ਰਿਸ਼ਨ ਸੱਚੇ ਕਰਮਯੋਗੀ ਸਨ, ਜਿਹਨਾਂ ਨੇ ਸਾਨੂੰ ਮੁਕਤੀ ਅਤੇ ਸਚਾਈ ਦਾ ਜੀਵਨ ਜੀਉਣ ਦਾ ਰਸਤਾ ਦਿਖਾਇਆ। ਉਹਨਾਂ ਦਾ ਜੀਵਨ ਫਲਸਫਾ ਸਾਡੇ ਜੀਵਨ ਲਈ ਦਿਸ਼ਾ ਨਿਰਦੇਸ਼ ਵਜ਼ੋਂ ਕੰਮ ਕਰਦਾ ਹੈ।

ਰਾਜ਼ਪਾਲ ਨੇ ਵਿਸ਼ਵਾਸ਼ ਵਿਅਕਤ ਕੀਤਾ ਕਿ ਭਗਵਾਨ ਕ੍ਰਿਸ਼ਨ ਦਾ ਸੰਦੇਸ਼ ਜੋ ਕਿ ਅਜੋਕੇ ਗੁੰਝਲਦਾਰ ਅਤੇ ਭੌਤਿਕਵਾਦੀ ਸੰਸਾਰ ਵਿਚ ਕਾਫੀ ਉਚਿਤ ਹੈ ਉਹ ਸਾਨੂੰ ਆਪਣੇ ਦੇਸ਼ ਅਤੇ ਮਨੁੱਖਤਾ ਦੇ ਪ੍ਰਤੀ ਲਗਾਤਾਰ ਕਰਤੱਵ ਨਿਭਾਉਣ ਲਈ ਪ੍ਰੇਰਿਤ ਕਰੇਗਾ।

ਸ਼੍ਰੀ ਪਾਟਿਲ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਜਨਮਅਸ਼ਟਮੀ ਦਾ ਤਿਉਹਾਰ ਸ਼ਾਤੀ ਅਤੇ ਏਕਤਾ ਨਾਲ ਮਨਾਉਣ ਅਤੇ ਜਾਤ, ਦੀਨ ਅਤੇ ਧਰਮ ਦੇ ਤੰਗ ਅਤੇ ਨਿਗੂਣੇ ਵਿਚਾਰਾਂ ਤੋਂ ਉੱਪਰ ਉੱਠਣ ਦੀ ਸਲਾਹ ਦਿੱਤੀ ਹੈ।